Punjab Government Gazette

Published by Authority

No. 9] CHANDIGARH, FRIDAY, FEBRUARY 27, 2026 (PHALGUNA 8, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ-3 ਸ਼ਾਖਾ)

ਅਧਿਸੂਚਨਾ

ਮਿਤੀ 25 ਸਤੰਬਰ, 2025

HOME-HM-30ESBM/92/2024-2H3(E644768)/I/1208396/2025.–ਹੇਠ ਦਰਸਾਏ ਪੀ.ਪੀ.ਐਸ. ਅਧਿਕਾਰੀਆਂ (ਉਪ ਕਪਤਾਨ ਪੁਲਿਸ) ਨੂੰ 58 ਸਾਲ ਦੀ ਉਮਰ ਮੁਕੰਮਲ ਹੋਣ ਤੇ ਮਿਤੀ 30.09.2025 (ਬਾ.ਦੁ) ਤੋਂ ਸੇਵਾ ਨਿਵਿਰਤ ਕੀਤਾ ਜਾਂਦਾ ਹੈ:-

ਲੜੀ ਨੰ.	ਅਫਸਰ ਦਾ ਨਾਮ ਸਰਵ/ਸ਼੍ਰੀ	ਜਨਮ ਮਿਤੀ	ਮੌਜੂਦਾ ਤਾਇਨਾਤੀ
1.	ਰਜਿੰਦਰਪਾਲ ਕੌਰ, ਪੀ.ਪੀ.ਐਸ., ਨੰ: 166/ਅੰਮ੍ਰਿਤਸਰ, 788/ਬੀ.ਆਰ., ਉਪ ਕਪਤਾਨ ਪੁਲਿਸ (ਡਾਇੰਗ ਕਾਡਰ) ਪੁੱਤਰੀ ਸ਼੍ਰੀ ਗੁਰਬਚਨ ਸਿੰਘ	06.09.1967	ਉਪ ਕਪਤਾਨ ਪੁਲਿਸ, 27ਵੀਂ ਬਟਾਲੀਅਨ, ਪੀ.ਏ.ਪੀ., ਜਲੰਧਰ।
2.	ਕੁਲਵੰਤ ਸਿੰਘ, ਪੀ.ਪੀ.ਐਸ., ਨੰ:2131/ਟੀ.ਐਸ.ਐਸ., ਉਪ ਕਪਤਾਨ ਪੁਲਿਸ ਪੁੱਤਰ ਸ਼੍ਰੀ ਸੇਵਾ ਸਿੰਘ	09.09.1967	ਉਪ ਕਪਤਾਨ ਪੁਲਿਸ, ਤਕਨੀਕੀ ਸੇਵਾਵਾਂ, ਪੰਜਾਬ।
3.	ਹਰਵਿੰਦਰ ਪਾਲ ਸਿੰਘ, ਪੀ.ਪੀ.ਐਸ., ਨੰ: 362/ਬੀ.ਆਰ., ਉਪ ਕਪਤਾਨ ਪੁਲਿਸ ਪੁੱਤਰ ਸ਼੍ਰੀ ਬਲਦੇਵ ਸਿੰਘ	03.09.1967	ਉਪ ਕਪਤਾਨ ਪੁਲਿਸ ਏ.ਐਨ.ਟੀ.ਐਫ., ਐਸ.ਏ.ਐਸ. ਨਗਰ (ਤਨਖਾਹ ਮੰਤਵ ਲਈ ਚੌਥੀ ਕਮਾਂਡੋ ਬਟਾਲੀਅਨ, ਐਸ.ਏ.ਐਸ.ਨਗਰ)।

2. ਉਕਤ ਅਧਿਕਾਰੀਆਂ ਦੀ ਸੇਵਾ ਨਿਵਿਰਤੀ ਦੇ ਹੁਕਮ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤੇ ਜਾਂਦੇ ਹਨ:-

ਓ) ਜੇਕਰ ਉਕਤ ਅਧਿਕਾਰੀਆਂ ਵਿਰੁੱਧ ਕਿਸੇ ਕਿਸਮ ਦਾ ਕੋਈ ਵੀ ਬਕਾਇਆ/ਅਨੁਸ਼ਾਸ਼ਨੀ ਕਾਰਵਾਈ/ਇਨਕੁਆਰੀ ਨਿਯਮਾਂ ਅਧੀਨ ਚੱਲਦੀ ਹੋਵੇਗੀ ਜਾਂ ਕਿਸੇ ਵੀ ਅਦਾਲਤ ਵਿੱਚ ਕੋਈ ਕੇਸ ਲੰਬਿਤ ਹੋਵੇ ਤਾਂ ਰਿਟਾਇਰਮੈਂਟ ਦੇ ਹੁਕਮਾਂ ਤੇ ਇਸਦਾ ਕੋਈ ਅਸਰ ਨਹੀਂ ਪਵੇਗਾ।

ਅ) ਜੇਕਰ ਭਵਿੱਖ ਵਿੱਚ ਕਿਸੇ ਵੀ ਸਟੇਜ ਤੇ ਉਕਤ ਅਧਿਕਾਰੀਆਂ ਵਿਰੁੱਧ ਕੋਈ ਕ੍ਰਿਮੀਨਲ, ਸਿਵਲ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਅਧਿਕਾਰੀਆਂ ਵਿਰੁੱਧ ਪੰਜਾਬ ਸਿਵਲ ਸਰਵਿਸਜ ਰੂਲਜ ਭਾਗ–2 ਦੇ ਨਿਯਮ 2.2 ਅਨੁਸਾਰ ਕਾਰਵਾਈ ਦਾ ਹੱਕ ਸਰਕਾਰ ਪਾਸ ਰਾਖਵਾਂ ਹੋਵੇਗਾ। ਇਸ ਤੋਂ ਇਲਾਵਾ ਜੇਕਰ ਉਕਤ ਅਧਿਕਾਰੀਆਂ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਸਾਹਮਣੇ ਆਉਂਦੀ ਹੈ ਤਾਂ ਉਸਦੀ ਭਰਪਾਈ ਉਹਨਾਂ ਦੇ ਰਿਟਾਇਰਮੈਂਟ ਲਾਭਾਂ (ਗਰੈਚੁਟੀ/ਪੈਨਸ਼ਨ) ਵਿੱਚੋਂ ਕਰ ਲਈ ਜਾਵੇਗੀ।

ਅਮਨਦੀਪ ਕੌਰ, ਆਈ.ਏ.ਐਸ.
ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ,
ਗ੍ਰਹਿ ਮਾਮਲੇ ਵਿਭਾਗ।

ਚੰਡੀਗੜ੍ਹ
ਮਿਤੀ 24 ਸਤੰਬਰ, 2025

3645/2-2026/Pb. Govt. Press, S.A.S. Nagar